ਪੰਜਾਬ ਵਿਧਾਨ ਸਭਾ
ਬਿਲ ਨੰ: 05-ਪੀ.ਐਲ.ਏ.-2022

# ਪੰਜਾਬ ਪੇਂਡੂ ਵਿਕਾਸ ( ਸੋਧ) ਬਿੱਲ, 2022.

2022 ਦਾ ਪੰਜਾਬ ਬਿੱਲ ਨੰ. 05

## ਇਕ ਬਿਲ

ਪੰਜਾਬ ਪੇਂਡੂ ਵਿਕਾਸ ਬਿੱਲ, 1987 ਵਿਚ ਹੋਰ ਸੋਧ ਲਈ

ਭਾਰਤ ਦੇ ਗਣਤੰਤਰ ਦੇ ਤੇਹੱਤਰਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਨਿਮਨ ਅਨੁਸਾਰ ਲਾਗੂ ਕੀਤਾ ਜਾਵੇ :-

ਸੰਖੇਪ ਸਿਰਲੇਖ ਅਤੇ ਆਰੰਭ

1. (1) ਇਸ ਐਕਟ ਨੂੰ ਪੰਜਾਬ ਪੇਂਡੂ ਵਿਕਾਸ (ਸੋਧ) ਐਕਟ, 2022 ਕਿਹਾ ਜਾਵੇਗਾ।

(2) ਇਹ ਐਕਟ ਅਜਿਹੀ ਮਿਤੀ ਤੋਂ ਲਾਗੂ ਹੋਵੇਗਾ, ਜੋ ਪੰਜਾਬ ਸਰਕਾਰ, ਅਧਿਸੂਚਨਾ ਰਾਹੀਂ ਸਰਕਾਰੀ ਗਜ਼ਟ ਵਿੱਚ ਨਿਰਧਾਰਿਤ ਕਰੇ।

1987 ਦੀ ਪੰਜਾਬ ਐਕਟ 6 ਦੀ ਧਾਰਾ 7 ਦਾ ਬਦਲ

2. ਪੰਜਾਬ ਪੈਂਡੂ ਵਿਕਾਸ ਐਕਟ, 1987 ਵਿਚ, ਧਾਰਾ 7 ਲਈ, ਨਿਮਨ ਧਾਰਾ ਦਾ ਬਦਲ ਕੀਤਾ ਜਾਵੇਗਾ, ਅਰਥਾਤ:-

ਮੰਤਵ, ਜਿਨ੍ਹਾਂ ਲਈ ਇਹ ਫੰਡ ਲਾਗੂ ਕੀਤਾ ਜਾਵੇਗਾ

"7. ਇਹ ਫੰਡ ਨਿਮਨ ਮੰਤਵਾਂ ਲਈ ਲਾਗੂ ਕੀਤਾ ਜਾਵੇਗਾ, ਅਰਥਾਤ:-

(i) ਮੰਡੀਆਂ ਜਾਂ ਖਰੀਦ ਕੇਂਦਰਾਂ ਤੱਕ ਦੀ ਪਹੁੰਚ ਲਈ ਸੜਕਾਂ ਅਤੇ ਸਟ੍ਰੀਟ ਲਾਈਟਾਂ ਦੀ ਉਸਾਰੀ ਜਾਂ ਮੁਰੰਮਤ ਤਾਂ ਜੋ ਕਿਸਾਨ ਆਪਣੀ ਉਪਜ ਦੀ ਢੋਆ-ਢੁਆਈ ਕਰ ਸਕਣ;

(ii) ਨਵੀਆਂ ਮੰਡੀਆਂ ਜਾਂ ਖਰੀਦ ਕੇਂਦਰਾਂ ਦੀ ਉਸਾਰੀ ਜਾਂ ਵਿਕਾਸ ਅਤੇ ਪੁਰਾਣੀ ਜਾਂ ਕੱਚੀ ਮੰਡੀ ਜਾਂ ਖਰੀਦ ਕੇਂਦਰਾਂ ਦੇ ਵਿਕਾਸ ਲਈ;

(iii) ਪੀਣ-ਯੋਗ ਪਾਣੀ ਦੀ ਸਪਲਾਈ ਲਈ ਪ੍ਰਬੰਧ ਕਰਨ ਅਤੇ ਮੰਡੀਆਂ ਜਾਂ ਖਰੀਦ ਕੇਂਦਰਾਂ ਦੀ ਸਫ਼ਾਈ ਨੂੰ ਬਿਹਤਰ ਕਰਨ ਲਈ;

(iv) ਖਰੀਦ ਕਾਰਜਾਂ ਵਿਚ ਰੁੱਝੇ ਕਿਸਾਨਾਂ ਅਤੇ ਮਜਦੂਰਾਂ ਲਈ ਵਧੀਆ ਆਰਾਮ-ਘਰ ਜਾਂ ਰੈਣ-ਬਸੇਰੇ ਜਾਂ ਸ਼ੈੱਡ ਮੁਹਾਈਆਂ ਕਰਵਾਉਣ ਲਈ;

(v) ਖਰੀਦੇ ਹੋਏ ਮਾਲ ਨੂੰ ਮੰਡੀਆਂ ਵਿਚ ਭੰਡਾਰਨ ਕਰਨ ਲਈ ਭੰਡਾਰ ਸਹੂਲਤਾਂ ਦੇ ਵਾਧੇ ਲਈ ਤਾਂ ਜੋ ਰਾਜ ਵਿਚ ਖਰੀਦ ਅਤੇ ਮੰਡੀਕਰਨ ਪ੍ਰਣਾਲੀਆਂ ਨੂੰ ਮਜਬੂਤ ਕੀਤਾ ਜਾ ਸਕੇ;

(vi) ਪਰੇਸ਼ਾਨੀ ਵਿਚ ਵਿਕਰੀ ਦੀ ਸੰਭਾਵਨਾ ਨੂੰ ਖ਼ਤਮ ਕਰਨ ਲਈ ਰਾਜ ਦੇ ਕਰਜੇ ਵਿਚ ਦਬੇ ਕਿਸਾਨਾਂ ਨੂੰ ਰਾਹਤ ਦੇਣ ਲਈ;

(vii) ਰਾਜ ਪੱਧਰ ਜਾਂ ਮੰਡੀ ਵਿਖੇ ਜ਼ਮੀਨ ਦੇ ਦਸਤਾਵੇਜ਼ਾ ਦੀ ਖਰੀਦ ਜਾਂ ਜੋੜਨ, ਫ਼ਸਲ

ਸਰਵੇਖਣ, ਕਿਸਾਨਾਂ ਦੀ ਬਾਇਓ-ਪ੍ਰਮਾਣੀਕਰਨ ਨਾਲ ਸਬੰਧਤ ਹਾਰਡਵੇਅਰ ਜਾਂ ਸਾਫਟਵੇਅਰ ਦੇ ਵਿਕਾਸ ਲਈ, ਜੋ ਕਿ ਪਾਰਦਰਸ਼ਤਾ ਨੂੰ ਵਧਾਵੇਗੀ ਅਤੇ ਖਰੀਦ ਗਤੀਵਿਧੀਆਂ ਨੂੰ ਤੇਜ ਕਰੇਗੀ;

(viii) ਮੰਡੀਆਂ ਜਾਂ ਖਰੀਦ ਕੇਂਦਰਾਂ ਵਿਚ ਕੰਪਿਊਟਰਾਈਜ਼ਡ ਇਲੈਕਟ੍ਰਾਨਿਕ ਵੇਬ੍ਰਿਜ (ਤੋਲਪੁਲ) ਜਾਂ ਵੇਮੈਂਟ (ਤੋਲ) ਸਹੂਲਤਾਂ ਜਾਂ ਗੁਣਵਤਾ ਜਾਂਚ ਵਾਲੇ ਉਪਕਰਣ ਜਾਂ ਛੱਨਣ ਸਹੂਲਤਾਂ ਲਗਾਉਣ ਜਾਂ ਖਰੀਦਣ ਲਈ ਅਤੇ ਈ-ਖਰੀਦ ਮਡਿਊਲ ਨਾਲ ਇਸ ਦੇ ਏਕੀਕਰਨ ਲਈ;

(ix) ਸਫ਼ਾਈ, ਛਟਾਈ, ਸਕਾਉਣ, ਅਨਾਜ ਦੀ ਗੁਣਵਤਾ ਦੀ ਸਮੀਖਿਆਂ, ਛੋਟੇ ਸ਼ੀਪਿੰਗ ਸੀਲੋ, ਬੋਰੀ ਦੀ ਭਰਾਈ ਅਤੇ ਸਿਲਾਈ ਦੀ ਸਹੂਲਤਾਂ ਨਾਲ ਮੰਡੀਆਂ ਦੇ ਆਟੋਮੇਸ਼ਨ ਅਤੇ ਮਸ਼ੀਨੀਕਰਨ ਲਈ; ਅਤੇ

(x) ਅਜਿਹੇ ਕਾਰਜਾਂ ਲਈ ਜੋ ਮੰਡੀਆਂ ਜਾਂ ਖਰੀਦ ਕਾਰਜਾਂ ਦੇ ਮਜਬੂਤੀਕਰਨ ਵਿਚ ਸਹਾਇਤਾ ਕਰਨ।"

# ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

ਪੰਜਾਬ ਪੇਂਡੂ ਵਿਕਾਸ ਐਕਟ, 1987 ਦੇ ਅਧੀਨ ਪੰਜਾਬ ਪੇਂਡੂ ਵਿਕਾਸ ਬੋਰਡ ਦੀ ਸਥਾਪਨਾ ਸਾਲ 1987 ਵਿੱਚ ਕੀਤੀ ਗਈ ਸੀ।

ਐਕਟ, 1987 ਦੀ ਧਾਰਾ 5 ਦੇ ਅਨੁਸਾਰ ਪੇਂਡੂ ਵਿਕਾਸ ਫੀਸ ਲਗਾਇਆ ਅਤੇ ਇਕੱਠਾ ਕੀਤਾ ਜਾਂਦਾ ਹੈ ਅਤੇ ਪੰਜਾਬ ਪੇਂਡੂ ਵਿਕਾਸ ਐਕਟ, 1987 ਦੀ ਧਾਰਾ 7 ਦੇ ਅਨੁਸਾਰ ਖਰਚ ਕੀਤਾ ਜਾਂਦਾ ਹੈ।

ਅਕਤੂਬਰ 2020 ਤੋਂ ਭਾਰਤ ਸਰਕਾਰ ਵੱਲੋਂ ਰਾਜ ਸਰਕਾਰਾਂ ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਭਾਰਤ ਸਰਕਾਰ ਦੁਆਰਾ ਅਦਾ ਕੀਤੀ ਜਾਣ ਵਾਲੀ ਪੇਂਡੂ ਵਿਕਾਸ ਫੀਸ ਦੇ ਮੰਤਵਾਂ ਨੂੰ ਭਾਰਤ ਸਰਕਾਰ ਵੱਲੋਂ 24-02-2020 ਨੂੰ ਜਾਰੀ ਸੋਧੇ ਸਿਧਾਂਤਾਂ ਦੇ ਅਨੁਕੂਲ ਬਣਾਉਣ।

ਉਦੋਂ ਤੋਂ ਭਾਰਤ ਸਰਕਾਰ ਨੇ 2020 ਵਿੱਚ ਝੋਨੇ ਤੇ ਲਗਦੇ ਪੇਂਡੂ ਵਿਕਾਸ ਫੀਸ ਦੇ ਭੁਗਤਾਨ ਤੇ ਰੋਕ ਲਗਾ ਦਿੱਤੀ ਸੀ ਅਤੇ ਬਾਅਦ ਵਿਚ ਇਸ ਚੇਤਾਵਨੀ/ਸ਼ਰਤ ਦੇ ਨਾਲ ਭੁਗਤਾਨ ਕੀਤਾ ਗਿਆ ਕਿ ਜੇਕਰ ਕਾਨੂੰਨ ਦੇ ਲੋੜਮੁਤਾਬਿਕ ਨਹੀਂ ਕੀਤਾ ਜਾਂਦਾ ਤਾਂ ਸ਼ਾਇਦ ਰਕਮ ਭਵਿੱਖ ਵਿੱਚ ਅਦਾਇਗੀਆਂ ਵਿੱਚ ਸਮਾਯੋਜਨ ਦੇ ਰੂਪ ਵਿੱਚ ਬਰਾਮਦ ਕਰ ਲਈ ਜਾਵੇਗੀ। ਇਸ ਕਾਰਨ ਕਰਕੇ ਭਾਰਤ ਸਰਕਾਰ ਦੁਆਰਾ ਝੋਨੇ 2021 ਅਤੇ ਕਣਕ 2022 ਤੇ ਲਗਾਇਆ ਪੇਂਡੂ ਵਿਕਾਸ ਫੀਸ ਤੇ ਰੋਕ ਲਗਾ ਦਿਤੀ ਹੈ।

ਤਜ਼ਵੀਜ਼ਤ ਸੋਧਾਂ ਨੂੰ ਆਰਡੀਨੈਂਸ ਦੇ ਰੂਪ ਵਿਚ ਲਾਗੂਕਰਨ ਲਈ ਮਿਤੀ 13.04.2022 ਨੂੰ ਹੋਈ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਵਿੱਚ ਪ੍ਰਵਾਨਗੀ ਦਿੱਤੀ ਗਈ ਸੀ । ਐਪਰ, ਪੰਜਾਬ ਦੇ ਮਾਨਯੋਗ ਰਾਜਪਾਲ ਨੇ ਦੱਸਿਆ ਕਿ ਜਿਵੇਂ ਕਿ ਕੋਈ ਕਾਹ੍ਲੀ ਨਹੀਂ ਹੈ, ਇਸ ਨੂੰ ਅਗਲੇ ਵਿਧਾਨ ਸਭਾ ਸੈਸ਼ਨ ਵਿੱਚ ਬਿੱਲ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਲਈ, ਪੰਜਾਬ ਪੇਂਡੂ ਵਿਕਾਸ ਐਕਟ, 1987 ਦੀ ਧਾਰਾ 7 ਨੂੰ "ਪੰਜਾਬ ਪੇਂਡੂ ਵਿਕਾਸ (ਸੋਧ) ਬਿੱਲ 2022" ਦੇ ਰੂਪ ਵਿੱਚ ਅਗਲੇ ਵਿਧਾਨ ਸਭਾ ਸੈਸ਼ਨ ਦੌਰਾਨ ਪੇਸ਼ ਕਰਨਾ ਉਚਿਤ ਹੋਵੇਗਾ।

**ਮੁੱਖ ਮੰਤਰੀ, ਪੰਜਾਬ**